ਆਮਦਨ ਕਰ ਵਿਭਾਗ ਵਲੋਂ ਸਰਹਿੰਦ 'ਚ ਕਰਵਾਏ ਸੈਮੀਨਾਰ ਦੌਰਾਨ ਸੀਨੀਅਰ ਅਧਿਕਾਰੀਆਂ ਦਾ ਸਵਾਗਤ ਕਰਦੇ ਹੋਏ ਵਪਾਰੀ ਵਰਗ ਦੇ ਨੁਮਾਇੰਦੇ। ਤਸਵੀਰ: ਕਰਨ

ਆਮਦਨ ਕਰ ਵਿਭਾਗ ਨੇ ਟੈਕਸ ਦੇ ਸਹੀ ਭੁਗਤਾਨ ਸੰਬੰਧੀ ਸੈਮੀਨਾਰ ਕਰਵਾਇਆ

ਫ਼ਤਹਿਗੜ੍ਹ ਸਾਹਿਬ, 27 ਨਵੰਬਰ (ਬਲਜਿੰਦਰ ਸਿੰਘ)-ਆਮਦਨ ਕਰ ਵਿਭਾਗ ਦਫ਼ਤਰ ਸਰਹਿੰਦ ਵਲੋਂ ਵਿਭਾਗ ਦੇ ਕਮਿਸ਼ਨਰ ਪਟਿਆਲਾ ਹਰਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਤੇ ਪ੍ਰਦੀਪ ਕੁਮਾਰ ਗੋਇਲ ਅਡੀਸ਼ਨਲ ਕਮਿਸ਼ਨਰ ਦੀ ਅਗਵਾਈ ਵਿਚ ਇਕ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਵੱਖ-ਵੱਖ ਕਾਰੋਬਾਰਾਂ ਨਾਲ ਜੁੜੇ ਵਪਾਰੀਆਂ ਦੇ ਨੁਮਾਇੰਦਇਆ ਤੋਂ ਇਲਾਵਾ ਟੈਕਸ ਬਾਰ ਐਸੋਸੀਏਸ਼ਨ ਦੇ ਸਮੂਹ ਮੈਂਬਰ, ਚਾਰਟਰਡ ਅਕਾਊਂਟੈਂਟ ਐਸੋਸੀਏਸ਼ਨ ਦੇ ਪ੍ਰਧਾਨ ਤੇ ਮੈਂਬਰਾਂ ਨੇ ਵੀ ਹਿੱਸਾ ਲਿਆ। ਸੈਮੀਨਾਰ ਦੌਰਾਨ ਪਰਮਜੀਤ ਸਿੰਘ ਤੂਰ ਇਨਕਮ ਟੈਕਸ ਅਫ਼ਸਰ ਨੇ ਹਾਜ਼ਰ ਮੈਂਬਰਾਂ ਨੂੰ ਟੈਕਸ ਦਾ ਸਹੀ ਭੁਗਤਾਨ ਤੇ ਆਉਣ ਵਾਲੀ ਐਡਵਾਂਸ ਕਿਸ਼ਤ ਜੋ ਕਿ 15 ਦਸੰਬਰ 2025 ਤੱਕ ਜਮਾਂ ਕਰਵਾਉਣੀ ਹੈ, ਨੂੰ ਵੱਧ ਤੋਂ ਵੱਧ ਅਤੇ ਬਣਦਾ ਐਡਵਾਂਸ ਟੈਕਸ ਭਰਵਾਉਣ ਸਬੰਧੀ ਜਾਗਰੂਕ ਕੀਤਾ ਤਾਂ ਜੋ ਕਰਦਾਤਾ ਦਾ ਵਿਆਜ ਤੋਂ ਬਚਾ ਹੋ ਸਕੇ। ਇਸ ਮੌਕੇ ਅਡੀਸ਼ਨਲ ਕਮਿਸ਼ਨਰ ਪ੍ਰਦੀਪ ਕੁਮਾਰ ਗੋਇਲ ਨੇ ਵਪਾਰੀਆਂ ਦੇ ਵੱਖ-ਵੱਖ ਸਵਾਲਾਂ ਦੇ ਜਵਾਬ ਵੀ ਦਿੱਤੇ। ਇਸ ਸੈਮੀਨਾਰ ਵਿਚ ਐਡ. ਭਾਰਤ ਭੂਸ਼ਨ ਵਰਮਾ, ਰੁਪਿੰਦਰ ਪੁਰੀ, ਸੀ.ਏ. ਜੀਵਨ ਬਾਂਸਲ, ਭੁਪਿੰਦਰ ਸ਼ਰਮਾ, ਐਡ. ਅਨਿਲ ਖੁੱਲਰ ਪ੍ਰਧਾਨ ਟੈਕਸ ਬਾਰ ਐਸੋਸੀਏਸ਼ਨ, ਵਰਿੰਦਰ ਰਤਨ ਪ੍ਰਧਾਨ ਵਪਾਰ ਮੰਡਲ ਸਰਹਿੰਦ, ਸਾਧੂ ਰਾਮ ਭੱਟ ਮਾਜਰਾ ਜ਼ਿਲ੍ਹਾ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਨਿਰਮਲ ਸਿੰਘ ਮਾਵੀ ਸਕੱਤਰ, ਗੁਰਸੇਵਕ ਸਿੰਘ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਸੰਘੋਲ, ਸੰਜੇ ਕੁਮਾਰ, ਅਜੇ ਵਰਮਾ ਇਨਕਮ ਟੈਕਸ ਅਫ਼ਸਰ, ਹਰਸਿਮਰਨ ਸਿੰਘ ਤੇ ਹੋਰ ਹਾਜ਼ਰ ਸਨ।

ਪੰਜਕੋਹਾ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਦੌਰਾਨ ਰਾਗੀ ਜਥਾ ਕੀਰਤਨ ਕਰਦਾ ਹੋਇਆ। ਅਜੀਤ ਤਸਵੀਰ

ਪੰਜਕੋਹਾ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਕਰਵਾਇਆ

ਸੰਘੋਲ, 27 ਨਵੰਬਰ (ਗੁਰਨਾਮ ਸਿੰਘ ਚੀਨਾ)-ਗੁਰਦੁਆਰਾ ਸਮਾਜ ਕਲਿਆਣ ਸਾਹਿਬ ਪੰਜਕੋਹਾ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ। ਜਾਣਕਾਰੀ ਦਿੰਦਿਆਂ ਕੁਲਦੀਪ ਸਿੰਘ ਪੰਜਕੋਹਾ ਨੇ ਦੱਸਿਆ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਜਰਨੈਲ ਸਿੰਘ ਪੰਜਕੋਹਾ ਵਲੋਂ ਸੰਗਤਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਸ਼ਹੀਦੀ ਸਬੰਧੀ ਜਾਣੂ ਕਰਵਾਇਆ ਗਿਆ। ਉਪਰੰਤ ਬੱਚਿਆਂ ਵਲੋਂ ਧਾਰਮਿਕ ਕਵਿਤਾਵਾਂ ਤੇ ਧਾਰਮਿਕ ਗੀਤਾਂ ਰਾਹੀਂ ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਮਾਗਮ ਤੋਂ ਇਕ ਦਿਨ ਪਹਿਲਾਂ ਰਾਗੀ ਜਥੇ ਭਾਈ ਅਮਰੀਕ ਸਿੰਘ ਸੱਲੋ ਮਾਜਰਾ ਵਲੋਂ ਸੰਗਤਾਂ ਨੂੰ ਕੀਰਤਨ, ਕਥਾ ਵਖਿਆਨ ਰਾਹੀਂ ਨਿਹਾਲ ਕੀਤਾ ਗਿਆ। ਇਸ ਮੌਕੇ ਪ੍ਰਧਾਨ ਬਹਾਦਰ ਸਿੰਘ, ਕੁਲਦੀਪ ਸਿੰਘ, ਜਰਨੈਲ ਸਿੰਘ, ਗ੍ਰੰਥੀ ਸਿੰਘ ਸੁਖਦੇਵ ਸਿੰਘ, ਅਮਰੀਕ ਸਿੰਘ ਆਦਿ ਤੋਂ ਇਲਾਵਾ ਪਿੰਡ ਵਾਸੀ ਸੰਗਤਾਂ ਨੇ ਆਪਣੀ ਹਾਜ਼ਰੀ ਲਗਵਾਈ।

ਸਰਕਾਰੀ ਸਮਾਰਟ ਸਕੂਲ ਹਰਗਣਾਂ ਵਿਖੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰ ਜਗਰੂਪ ਸਿੰਘ, ਲਵਪ੍ਰੀਤ ਸਿੰਘ, ਪਰਮਿੰਦਰ ਸਿੰਘ ਨਗਰ ਨਿਵਾਸੀ, ਸੁਰਜੀਤ ਸਿੰਘ ਨੰਬਰਦਾਰ, ਲਖਵੀਰ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਜਗਦੀਪ ਸਿੰਘ ਕੈਨੇਡਾ (ਬਸੀ ਪਠਾਣਾਂ) ਵਲੋਂ ਵਿਦਿਆਰਥੀਆਂ ਨੂੰ ਬਲੇਜ਼ਰ ਤਕਸੀਮ ਕੀਤੇ ਗਏ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਅਵਤਾਰ ਸਿੰਘ, ਸਮੂਹ ਮੈਂਬਰਾਂ ਅਤੇ ਸਕੂਲ ਸਟਾਫ਼ ਵਲੋਂ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਗਿਆ ਤੇ ਹੋਰਨਾਂ ਸਮਾਜ ਸੇਵੀ ਸ਼ਖ਼ਸੀਅਤਾਂ ਨੂੰ ਵੀ ਭਵਿੱਖ ਵਿਚ ਵੀ ਇਸ ਤਰ੍ਹਾਂ ਕਾਰਜ ਕਰਨ ਦੀ ਅਪੀਲ ਕੀਤੀ। ਅਜੀਤ ਤਸਵੀਰ

ਵਿਧਾਇਕ ਲਖਬੀਰ ਸਿੰਘ ਰਾਏ ਪਿੰਡ ਨੌਲੱਖਾ ਵਿਖੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਦੇ ਹੋਏ। ਤਸਵੀਰ: ਨਿਰਭੈ ਸਿੰਘ

ਪਿੰਡ ਨੌਲੱਖਾ 'ਚ ਵਿਧਾਇਕ ਰਾਏ ਨੇ ਵਿਕਾਸ ਕਾਰਜ ਸ਼ੁਰੂ ਕਰਵਾਏ

ਜਖਵਾਲੀ, 27 ਨਵੰਬਰ (ਨਿਰਭੈ ਸਿੰਘ)-ਹਲਕਾ ਫ਼ਤਹਿਗੜ੍ਹ ਸਾਹਿਬ ਦੇ ਬਲਾਕ ਸਰਹਿੰਦ ਦੇ ਪਿੰਡ ਨੌਲੱਖਾ ਵਿਖੇ ਵਿਧਾਇਕ ਲਖਬੀਰ ਸਿੰਘ ਰਾਏ ਵਲੋਂ ਕਰੀਬ 20 ਲੱਖ ਰੁਪਏ ਦੀਆਂ ਗਰਾਂਟਾਂ ਨਾਲ ਵਿਕਾਸ ਕਾਰਜ ਸ਼ੁਰੂ ਕਰਵਾਏ ਗਏ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਪਿੰਡ ਨੌਲੱਖਾ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਸ ਲਈ ਸਾਡਾ ਫ਼ਰਜ਼ ਬਣਦਾ ਹੈ ਕਿ ਉਕਤ ਪਿੰਡ ਨੂੰ ਜ਼ਰੂਰੀ ਸੁਵਿਧਾਵਾਂ ਦੇ ਨਾਲ ਲੈਸ ਕੀਤਾ ਜਾਵੇ। ਇਸੇ ਤਹਿਤ ਨੌਲੱਖਾ ਵਿਖੇ ਇਕ ਪਾਰਕ ਬਣਾਈ ਜਾ ਰਹੀ ਹੈ ਤੇ ਇਕ ਕਮਿਊਨਿਟੀ ਹਾਲ ਬਣਾਇਆ ਜਾ ਰਿਹਾ ਹੈ, ਜਿਸ ਦਾ ਨੀਂਹ ਪੱਥਰ ਰੱਖਿਆ ਗਿਆ ਅਤੇ ਜਲਦ ਹੀ ਇਸ ਨੂੰ ਪੂਰਾ ਕਰਕੇ ਪਿੰਡ ਵਾਸੀਆਂ ਦੇ ਸਪੁਰਦ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪੰਜਾਬ ਸਰਕਾਰ ਵਲੋਂ ਪਿੰਡ ਦੇ ਸਰਬਪੱਖੀ ਵਿਕਾਸ ਦੇ ਲਈ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ 50 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ ਹੈ। ਇਸ ਦੇ ਨਾਲ ਪਿੰਡ ਨੂੰ ਸੁਵਿਧਾਵਾਂ ਦੇ ਨਾਲ ਲੈਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦੀ ਮੰਗ ਹੈ ਕਿ ਇਕ ਯਾਦਗਾਰੀ ਗੇਟ ਬਣਾਇਆ ਜਾਵੇ ਤੇ ਇਕ ਵਧੀਆ ਬੱਸ ਸਟੈਂਡ ਬਣਾਇਆ ਜਾਵੇ ਤਾਂ ਜੋ ਇੱਥੇ ਆਉਣ ਵਾਲੀਆਂ ਸੰਗਤਾਂ ਨੂੰ ਇਸ ਧਰਤੀ ਦੇ ਇਤਿਹਾਸ ਬਾਰੇ ਪਤਾ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਜੋ ਗਰਾਂਟ ਮੁਹੱਈਆ ਕਰਵਾਈ ਗਈ ਹੈ, ਉਸ ਨੂੰ ਪਿੰਡ ਦੇ ਸਰਬਪੱਖੀ ਵਿਕਾਸ ਲਈ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਮੁੱਖ ਮੰਤਰੀ ਭਗਵੰਤ ਮਾਨ ਦੇ ਧੰਨਵਾਦੀ ਹਾਂ ਜਿਨ੍ਹਾਂ ਦੀ ਬਦੌਲਤ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਧਰਤੀ ਨੂੰ ਚਾਰ ਚੰਦ ਲੱਗ ਰਹੇ ਹਨ। ਇਸ ਤੋਂ ਪਹਿਲਾਂ ਉਕਤ ਸਥਾਨਾਂ ਵੱਲ ਕਿਸੇ ਸਰਕਾਰ ਨੇ ਧਿਆਨ ਹੀ ਨਹੀਂ ਦਿੱਤਾ। ਇਸ ਮੌਕੇ ਪਿੰਡ ਵਾਸੀਆਂ ਵਲੋਂ ਵਿਧਾਇਕ ਲਖਬੀਰ ਸਿੰਘ ਰਾਏ ਨੂੰ ਸਿਰੋਪਾਉ ਅਤੇ ਲੋਈ ਦੇ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਨਦੀਪ ਸਿੰਘ ਪੋਲਾ, ਮਾਨਵ ਟਿਵਾਣਾ, ਸਰਪੰਚ ਬਲਵਿੰਦਰ ਸਿੰਘ, ਜਸਵੰਤ ਸਿੰਘ, ਗੁਰਜੰਟ ਸਿੰਘ, ਹਰਵਿੰਦਰ ਕੌਰ, ਹਰਵਿੰਦਰ ਪਾਲ ਕੌਰ, ਰਫ਼ੀਕ ਮੁਹੰਮਦ, ਹਰਮੇਲ ਸਿੰਘ (ਸਾਰੇ ਪੰਚ), ਸਕੱਤਰ ਬੂਟਾ ਸਿੰਘ, ਸੁਖਵਿੰਦਰ ਸਿੰਘ, ਜਗਤਾਰ ਸਿੰਘ, ਗੁਰਬਚਨ ਸਿੰਘ, ਜਿੰਦੋ, ਇੰਦਰਾ, ਸੋਨੀਆ, ਕੁਲਵਿੰਦਰ ਸਿੰਘ ਤੇ ਸੂਬੇਦਾਰ ਪਿਆਰਾ ਸਿੰਘ ਆਦਿ ਹਾਜ਼ਰ ਸਨ।

ਹੁੰਦਲ ਭਰਾਵਾਂ ਨੇ ਪਿੰਡ ਦੁੱਲਵਾਂ ਵਿਖੇ ਗੰਦੇ ਪਾਣੀ ਦੇ ਟੋਭੇ 'ਤੇ ਪਾਰਕ ਬਣਾਇਆ

ਸੰਘੋਲ, 27 ਨਵੰਬਰ (ਗੁਰਨਾਮ ਸਿੰਘ ਚੀਨਾ)-ਪਰਵਾਸ ਕਰਕੇ ਵੱਖ-ਵੱਖ ਦੇਸ਼ਾਂ ਵਿਚ ਰਹਿ ਰਹੇ ਪ੍ਰਵਾਸੀ ਪੰਜਾਬੀਆਂ ਵਲੋਂ ਆਪਣੀ ਜਨਮ ਭੂਮੀ ਦੀ ਮਿੱਟੀ ਦੀ ਮਹਿਕ ਨੂੰ ਮਹਿਸੂਸ ਕਰਦਿਆਂ ਆਪਣਾ ਫ਼ਰਜ਼ ਸਮਝਦੇ ਹੋਏ ਆਪਣੇ ਪਿੰਡਾਂ ਦੀ ਨੁਹਾਰ ਨੂੰ ਬਦਲਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਦੀ ਇਕ ਮਿਸਾਲ ਨਜ਼ਦੀਕੀ ਪਿੰਡ ਦੁੱਲਵਾਂ ਵਿਖੇ ਵੇਖਣ ਨੂੰ ਮਿਲੀ। ਪਿੰਡ ਦੁੱਲਵਾਂ ਦੇ ਦੋ ਭਰਾ ਗੁਰਜੀਤ ਸਿੰਘ ਹੁੰਦਲ ਤੇ ਮਨਮੋਹਨ ਸਿੰਘ ਹੁੰਦਲ ਜੋ ਕਿ ਪਿਛਲੇ ਕਾਫ਼ੀ ਅਰਸੇ ਤੋਂ ਕੈਨੇਡਾ ਵਿਖੇ ਰਹਿ ਰਹੇ ਹਨ ਤੇ ਉੱਥੇ ਉਨ੍ਹਾਂ ਆਪਣੀ ਮਿਹਨਤ ਦੇ ਸਦਕਾ ਚੰਗਾ ਨਾਂਅ ਕਮਾਇਆ ਤੇ ਹੁਣ ਉਨ੍ਹਾਂ ਕੈਨਾਮੈਕਸ ਗਰੁੱਪ ਆਫ਼ ਕੰਪਨੀਜ਼ ਨਾਂਅ ਹੇਠ ਵੱਡੇ ਪੱਧਰ 'ਤੇ ਟਰਾਂਸਪੋਰਟ ਦੇ ਕਾਰੋਬਾਰ 'ਚ ਆਪਣਾ ਸਿੱਕਾ ਚਲਾਇਆ ਹੋਇਆ ਹੈ। ਉਨ੍ਹਾਂ ਵਲੋਂ ਪੰਜਾਬ ਵਿਚ ਆਪਣੇ ਪਿੰਡ ਦੁੱਲਵਾਂ ਵਿਖੇ ਆਪਣੇ ਸਵ. ਪਿਤਾ ਜਸਵੰਤ ਸਿੰਘ ਹੁੰਦਲ ਦੀ ਯਾਦ ਨੂੰ ਸਮਰਪਿਤ ਆਪਣੀ ਮਾਤਾ ਬਲਵੀਰ ਕੌਰ ਦੀ ਰਹਿਨੁਮਾਈ ਹੇਠ ਵੱਡੇ ਪੱਧਰ 'ਤੇ ਆਪਣੇ ਖ਼ਰਚੇ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਪਿੰਡ ਵਾਸੀਆਂ ਆਤਮਾ ਸਿੰਘ ਤੇ ਸੋਹਣ ਸਿੰਘ ਨੇ ਦੱਸਿਆ ਕਿ ਗੁਰਜੀਤ ਸਿੰਘ ਹੁੰਦਲ ਤੇ ਮਨਮੋਹਨ ਸਿੰਘ ਹੁੰਦਲ ਜੋ ਕਿ ਪਿਛਲੇ ਕਾਫ਼ੀ ਅਰਸੇ ਤੋਂ ਕੈਨੇਡਾ ਵਿਖੇ ਰਹਿ ਰਹੇ ਹਨ ਤੇ ਉੱਥੇ ਉਨ੍ਹਾਂ ਦਾ ਟਰਾਂਸਪੋਰਟ ਦਾ ਸਫ਼ਲ ਕਾਰੋਬਾਰ ਹੈ ਤੇ ਉਹ ਪਿੰਡ ਦੁੱਲਵਾਂ ਤੇ ਪੰਜਾਬ ਦਾ ਨਾਮ ਵਿਦੇਸ਼ 'ਚ ਵੀ ਰੌਸ਼ਨ ਕਰ ਰਹੇ ਹਨ। ਪਿੰਡ ਦੁੱਲਵਾਂ ਵਿਖੇ ਵੀ ਉਨ੍ਹਾਂ ਵਲੋਂ ਆਪਣੇ ਖ਼ਰਚੇ 'ਤੇ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ। ਹੋਰਨਾਂ ਕਾਰਜਾਂ ਤੋਂ ਇਲਾਵਾ ਉਨ੍ਹਾਂ ਵਲੋਂ ਪਿੰਡ ਦੀ ਗੰਦੇ ਪਾਣੀ ਦੀ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਗੰਦੇ ਪਾਣੀ ਵਾਲੇ ਟੋਭੇ ਨੂੰ ਚਾਰੋ ਤਰਫ਼ ਕੰਕਰੀਟ ਦੀ ਦੀਵਾਰ ਨਾਲ ਕਵਰ ਕਰਕੇ ਉਸ ਵਿਚ ਪਾਣੀ ਸੋਧਣ ਵਾਲਾ ਟਰੀਟਮੈਂਟ ਲਗਵਾਇਆ ਗਿਆ ਹੈ, ਜਿਸ ਨਾਲ ਪਿੰਡ ਵਾਸੀਆਂ ਨੂੰ ਗੰਦੇ ਪਾਣੀ ਦੀ ਪ੍ਰੇਸ਼ਾਨੀ ਤੋਂ ਛੁਟਕਾਰਾ ਮਿਲਿਆ ਤੇ ਟੋਭੇ 'ਤੇ ਹੀ ਪਿੰਡ ਵਾਸੀਆਂ ਦੇ ਬੈਠਣ ਲਈ ਵਧੀਆ ਸਜਾਵਟ ਅਤੇ ਫੁੱਲਾਂ ਤੇ ਦਰਖਤਾਂ ਨਾਲ ਸਜਿਆ ਪਾਰਕ ਵੀ ਤਿਆਰ ਕਰਵਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ 'ਤੇ ਹੁੰਦਲ ਭਰਾਵਾਂ ਦਾ ਕਰੀਬ ਡੇਢ ਕਰੋੜ ਦਾ ਖਰਚਾ ਆਇਆ ਹੈ ਤੇ ਇਸ ਪਾਰਕ ਦੀ ਸਾਫ਼-ਸਫ਼ਾਈ ਲਈ ਵੀ ਉਨ੍ਹਾਂ ਵਲੋਂ ਇਕ ਵਿਅਕਤੀ ਨੂੰ ਪੱਕੇ ਤੌਰ 'ਤੇ ਰੱਖਿਆ ਹੋਇਆ ਹੈ। ਉਨ੍ਹਾਂ ਨੇ ਦੱਸਿਆ ਕਿ ਹੁੰਦਲ ਭਰਾਵਾ ਵਲੋਂ ਇਸ ਤੋਂ ਇਲਾਵਾ ਵੀ ਪਿੰਡ ਵਿਖੇ ਕਈ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਗਏ ਹਨ।

ਦੁੱਲਵਾਂ ਪਿੰਡ ਵਿਖੇ ਬਣਾਏ ਗਏ ਪਾਰਕ ਦੀ ਤਸਵੀਰ। ਤਸਵੀਰ: ਚੀਨਾ

ਜਾਣਕਾਰੀ ਦੇਣ ਸਮੇਂ ਆਤਮਾ ਸਿੰਘ ਤੇ ਮੋਹਣ ਸਿੰਘ।

ਗੁਰਜੀਤ ਸਿੰਘ ਹੁੰਦਲ ਤੇ ਮਨਮੋਹਨ ਸਿੰਘ ਹੁੰਦਲ।

ਮਹੀਨਾਵਾਰ ਪੈਨਸ਼ਨ ਨਾ ਮਿਲਣ ਕਾਰਨ ਲਾਭਪਾਤਰੀਆਂ 'ਚ ਨਿਰਾਸ਼ਾ ਦਾ ਆਲਮ

ਰਾਜਪੁਰਾ, 27 ਨਵੰਬਰ (ਰਣਜੀਤ ਸਿੰਘ)-ਪੰਜਾਬ ਸਰਕਾਰ ਵਲੋਂ ਲਾਭਪਾਤਰੀਆਂ ਨੂੰ ਮਹੀਨਾਵਾਰ ਮਿਲਣ ਵਾਲੀ ਪੈਨਸ਼ਨ ਹਰ ਮਹੀਨੇ ਦੇ ਪਹਿਲੇ ਜਾਂ ਦੂਜੇ ਹਫ਼ਤੇ ਬੈਂਕ ਖਾਤਿਆਂ ਵਿਚ ਪਾ ਦਿੱਤੀ ਜਾਂਦੀ ਹੈ, ਪਰ ਐਤਕੀ ਮਹੀਨਾ ਖ਼ਤਮ ਹੋਣ ਵਾਲਾ ਹੈ ਪਰ ਲਾਭਪਾਤਰੀਆਂ ਦੀ ਮਹੀਨਾਵਾਰ ਪੈਨਸ਼ਨ ਹਾਲੇ ਤੱਕ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਨਹੀਂ ਆਈ ਹੈ। ਇਸ ਦਾ ਕਾਰਨ ਸਰਕਾਰ ਦੀ ਆਰਥਿਕ ਹਾਲਤ ਪਤਲੀ ਹੋਣ ਦਾ ਸ਼ੱਕ ਜਿਤਾਇਆ ਜਾ ਰਿਹਾ ਹੈ। ਇਸ ਸੰਬੰਧੀ ਵਿਭਾਗ ਦਾ ਕਹਿਣਾ ਹੈ ਕਿ ਜਲਦ ਹੀ ਪੈਨਸ਼ਨ ਮਿਲ ਜਾਵੇਗੀ ਜਾਣਕਾਰੀ ਮੁਤਾਬਿਕ ਸਰਕਾਰ ਵਲੋਂ ਬਜ਼ੁਰਗਾਂ, ਔਰਤਾਂ, ਵਿਧਵਾਵਾਂ ਹੋਰ ਜਰੂਰਤਮੰਦਾਂ ਨੂੰ ਮਹੀਨਾਵਾਰ ਪੈਨਸ਼ਨ ਦਿੱਤੀ ਜਾਂਦੀ ਹੈ। ਐਤਕੀ ਲਾਭਪਾਤਰੀਆਂ ਨੂੰ ਕਾਫ਼ੀ ਜਿਆਦਾ ਉਡੀਕ ਕਰਨੀ ਪੈ ਰਹੀ ਹੈ। ਭਾਵੇਂ ਇਹ ਪੈਨਸ਼ਨ 1500 ਰੁਪਏ ਮਹੀਨਾ ਹੀ ਹੁੰਦੀ ਹੈ, ਪਰ ਕਈ ਜਰੂਰਤਮੰਦਾਂ ਲਈ ਇਹ ਵੀ ਬਹੁਤ ਵੱਡਾ ਸਹਾਰਾ ਹੁੰਦੀ ਹੈ। ਇਸ ਸੰਬੰਧੀ ਕਈਆਂ ਦਾ ਕਹਿਣਾ ਹੈ ਕਿ ਸਰਦੀ ਦਾ ਸੀਜਨ ਸ਼ੁਰੂ ਹੋ ਗਿਆ ਹੈ ਕਈਆਂ ਨੇ ਆਪਣੀ ਦਵਾਈ ਵਗੈਰਾ ਲੈਣੀ ਹੈ ਤੇ ਕਈਆਂ ਨੇ ਸਰਦੀ ਦੇ ਕੱਪੜੇ ਲੈਣੇ ਹਨ। ਕਈ ਲਾਭਪਾਤਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਲੈ ਦੇ ਕੇ ਸਹਾਰਾ ਸਰਕਾਰ ਵਲੋਂ ਦਿੱਤੀ ਜਾਂਦੀ ਪੈਨਸ਼ਨ ਹੀ ਹੈ। ਦੱਸਣਯੋਗ ਹੈ ਕਿ ਇਹ ਕੋਈ ਪਹਿਲੀ ਗੱਲ ਨਹੀਂ ਹੈ ਇਸ ਤੋਂ ਪਹਿਲਾਂ ਵੀ ਕਈ ਵਾਰ ਪੈਨਸ਼ਨ ਲੇਟ ਹੋਈ ਹੈ ਅਤੇ ਕਈ ਵਾਰ ਦੋ ਮਹੀਨੇ ਦੀ ਇਕੱਠੀ ਪੈਨਸ਼ਨ ਖਾਤੇ ਵਿਚ ਪਾ ਦਿੱਤੀ ਜਾਂਦੀ ਹੈ। ਹੁਣ ਵੇਖਣਾ ਹੋਵੇਗਾ ਕਿ ਐਤਕੀ ਲਾਭਪਾਤਰੀਆਂ ਨੂੰ ਪੈਨਸ਼ਨ ਲੈਣ ਲਈ ਕਿੰਨਾ ਇੰਤਜਾਰ ਕਰਨਾ ਪਵੇਗਾ। ਇਸ ਸੰਬੰਧੀ ਡੀ.ਐੱਸ.ਐੱਫ.ਓ. ਵਿਭਾਗ ਦਾ ਕਹਿਣਾ ਹੈ ਕਿ ਪੈਨਸ਼ਨ ਦੇ ਬਿੱਲ ਖਜਾਨੇ ਵਿਚ ਜਮ੍ਹਾਂ ਕਰਵਾਏ ਗਏ ਹਨ ਜਲਦੀ ਹੀ ਪੈਨਸ਼ਨ ਦਿੱਤੀ ਜਾਵੇਗੀ।

ਸੀ. ਐੱਮ. ਦੀ ਯੋਗਸ਼ਾਲਾ ਕਲਾਸਾਂ 'ਚ ਸ਼ਾਮਿਲ ਚਨਾਰਥਲ ਖੁਰਦ ਦੇ ਵਾਸੀ। ਅਜੀਤ ਤਸਵੀਰ

ਚਨਾਰਥਲ ਖੁਰਦ ਵਿਖੇ ਸੀ. ਐੱਮ. ਦੀ ਯੋਗਸ਼ਾਲਾ ਕਲਾਸਾਂ ਨੂੰ ਭਰਵਾਂ ਹੁੰਗਾਰਾ

ਜਖਵਾਲੀ, 27 ਨਵੰਬਰ (ਨਿਰਭੈ ਸਿੰਘ)-ਸੀ. ਐੱਮ. ਦੀ ਯੋਗਸ਼ਾਲਾ ਤਹਿਤ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਚੱਲ ਰਹੀਆਂ ਮੁਫ਼ਤ ਯੋਗ ਕਲਾਸਾਂ ਵਿਚ ਸ਼ਾਮਿਲ ਹੋ ਰਹੇ ਲੋਕ ਵੱਖ-ਵੱਖ ਬਿਮ